**Proceedings of the Public Hearing conducted on 23.11.2012 at 03:00 P.M. in connection with application filed by Department of Industries & Commerce, Govt. of Punjab, for obtaining environmental clearance under EIA Notification dated 14/9/2006 for the mining site at Village Sasrali, District Ludhiana, (Area 23.43 Hectare) State Punjab.**

The following were present to supervise the proceedings:-

1. Sh. Rohit Gupta PCS,
   Tehsildar(Central), Ludhiana.
2. Er. Tejinder Kumar,
   Environmental Engineer,
   Punjab Pollution Control Board,
   Regional Office-3, Ludhiana.
3. Er. G.S. Gill,
   Environmental Engineer,
   Punjab Pollution Control Board,
   Regional Office-1, Ludhiana.

Environmental Engineer, Punjab Pollution Control Board, Regional Office-1, Ludhiana welcomed the Supervising-cum-Presiding officer, officers from Mining Department present on the dias and people from adjoining towns/villages, who came to attend the public hearing of this project of mining of minor minerals in the revenue estate of Village Sasrali, District Ludhiana. He informed that an application was filed by the General Manager, District Industries Centre-cum-Distt Mining officer, Ludhiana in the office of the State Level Environment Impact Assessment Authority, Punjab, at Patiala for getting Environmental Clearance under EIA notification no. 1533 (E) dated 14.9.2006 to carry out mining of minor minerals from the Sutlej river bed in the revenue estate of **Village Sasrali, District Ludhiana in an area of 23.43 Hectare**. After considering the application of the department, the said Authority had issued 'Terms of Reference' to the General Manager cum Mining officer, District Industries Centre for preparation of draft EIA study report. Now, Mining Department has submitted draft EIA report to the Punjab Pollution Control Board for conducting public hearing of the project as per the procedure prescribed in the EIA Notification dated 14.09.2006. Environmental Engineer apprised the public present there about the requirement of conducting the Public Hearing before deciding the application filed by the Department for getting the said clearance for carrying out mining at the said site. He also brought into the notice of public that a copy of the draft EIA report alongwith the Executive Summary of the same submitted by the Mining Officer to the Punjab Pollution Control Board was placed in the office of Deputy Commissioner, Ludhiana, Zila Parishad, Ludhiana, General Manager District Industrial Centre, Ludhiana, Commissioner, Municipal Corporation, Ludhiana, Regional Office of MOEF at Chandigarh and at Regional Office-3, Punjab Pollution Control Board, Ludhiana for access to the public and other stakeholders. He further brought out that a notice of public hearing was published in three prominent newspapers namely, 'The English Tribune (English Daily), Jagbani and in 'The Daily Post' on 24.10.2012 to make the public aware of the date, time & venue of the public hearing and about the places/offices, where the public could access the draft EIA report and its Executive

Summary report before the said hearing. Thereafter, he requested the General Manager, District Industries Centre Ludhiana and representative of M/s Grass Roots Research & Creation India (P) Ltd, Noida who is the Environmental Consultant of Department of Industries & Commerce to elaborate about the main features of the project and the draft EIA study report.

Sh. Kuldeep Singh, Addl General Manager of M/s Grass Roots Research & Creation India (P) Ltd, Noida brought out the details of the project before the public as under:-

1) The development of the infrastructure is based upon the building materials such as sand and gravel etc for which controlled mining at the source is required. Govt. of Punjab has to allot / earmark the various sites from which the mining of minerals has to be undertaken. Accordingly, this site is also one of such site, from where mining is to be carried out, hence the environmental clearance is required.

   He further mentioned Khasra no's. at which mining is proposed to be done.

2) **PROJECT DESCRIPTION**

   (A) The mining site of the project is in the Hadbast (HB) of Village Sasrali, District Ludhiana, which is connected with National Highway –I as well as Railway Station, Ludhiana.

   (B) The total area of the proposed site is 23.43 hectare.

   (C) The land of the mining site will be with the State Government on lease. There will be approx. 6.32 Lakh tonne of sand with UNFC code 111. The mining will be carried out by excavator of 1.1 cubic meter capacity. No drilling or blasting will be carried out at the site and the mining will be with simplest procedure of lifting the material and loading to the vehicles mechanically. The mining will be done with working depth of 3 m BGL. He further informed that the mining will be done only in the center half of River by leaving ¼ portions on either side.

   (D) Baseline data has been collected with respect to land, water, air, ecological and noise in the area of 10 km radius surrounding the site.

   (E) The project cost is Rs. 46.4 Lac and it is proposed to collect approximately 2,53,000 tones of river bed annually.

   (F) As per the MoEF, New Delhi gazette Notification dated 14th September 2006 along with its amendments in December 2009 in April 2011,the proposed mining project is categorized as category 'A' as project is situated in a radius of 10 Km from critically polluted areas notified by the Control Pollution Control Board.

(3) Mitigation measures for different Environment parameter.

**A. Air Environment:**

The only air pollution source is the dust emission during transportation. The mining activity will not affect the air quality in a significant manner. In mining operation, loading, transportation and uploading operations may cause deterioration in air quality due to handling of dry materials. In the present case,

only wet materials will be handled. Thus eliminating problems of fugitive dust. Also, the collection and lifting of minerals will be done manually/semi mechanically without any blasting. Therefore, the dust generated is insignificant as compared to mining process of other hard minerals like the process of drilling, blasting, mechanized loading etc. The sand spread on the road will be removed from the road with the help of pavers. There will be sprinkling of water on the roads on which sand is spread during the movement of vehicles carrying sand.

**B. Water Environment:**

Mining of sand from within or near a streambed has a direct impact on the stream's physical habitat characteristics. These characteristics include geometry, bed evaluation, substrate composition and stability, in stream roughness elements, depth, velocity, turbidity, sediment transport, stream discharge and temperature. Altering these habitat characteristics can have deleterious impacts on both in stream biota and associated riparian habitat. The detrimental effects to biota resulting from bed material mining are caused by three main processes:

- Alteration of flow patterns resulting from modification of the river bed.
- An excess of suspended sediment.
- Damage to riparian vegetation and in stream habitat.

Care will be taken to ensure that ponds are not formed in the river bed.

**C) Soil Environment:**

- The mining will not effect in any way the quality of the soil as the level of the area lowered by the mining will be compensated by the flowing river, during rainy season.

**D) Noise Environment:**

As there will be no heavy earth moving machinery, there will not be any major impact on noise level due to the mining and other association activities. A detailed noise survey has been carried out. Blasting technique is not used for sand lifting, hence no possibility of land vibration. It was found that the mining activity will not have any significant impact on the noise environment of the region. The only impact will be due to transportation of materials by trucks.

As the only impact is due to transportation of sand to the construction site though village roads, emphasis will be given on the following points.

- Minimum use of Horns at the village area.
- Timely maintenance of vehicles and their silencers to minimize vibration and sound.
- Phasing out of old and worn out trucks.
- Provision of green belts along the road networks.
- Care will be taken to produce minimum sound during loading.
- Mining will not be done in night hours.
- Use of DJ's/music system will not be allowed on the transporting vehicles.

**E) Social Aspects**

- River channel will be controlled and protection of banks will lead to safety of adjoining agricultural land.
- Employment will be generated, hence improvement of socio-economic aspects of the area.
- 5 % of the profit of the project will be utilized for the welfare of village such as construction of common toilet, installation of solar light, improvement of village, road, school and construction of common library etc as per requirement of Village Panchayat and the funds will be distributed by the District Administration.

**6) Budget for Implementation of Environmental Management Plan**

| Sr. No. | Items | Cost to be incurred (in Lac/annum) |
|---|---|---|
| 1. | Air quality monitoring | **2.0** |
| 2. | Water quality | **1.0** |
| 3. | Ambient Noise level | **0.5** |
| 4. | Soil Quality | **0.5** |
| 5. | Socio Economic condition of local population, physical survey | **0.5** |
| 6. | Manpower of environmental cell | **0.5** |
| 7. | Inventory of Flora (tree plantation, survival etc) & Faun | **0.1** |
| | **Total** | **5.1** |

Thereafter, Environmental Engineer brought into the notice of public present at the venue of hearing that as per the provisions of EIA notification dated 14.9.2006, as amended from time to time, the persons present at the venue may seek any information/suggestions or clarifications and can raise objections on the project from the project promoter. It was also brought into the notice of the persons present there that the information or clarifications sought by them and reply given by the project proponent will be recorded in the proceeding of the public hearing, which will be sent to the MoEF (G.O.I.) for further consideration. Accordingly, he requested the persons present in the public hearing to seek information's/clarification on the project one by one.

Thereupon, the detail of the information/ clarifications/suggestions raised by the persons present at the venue of public hearing and the reply given by the consultant of the industry / project proponent is as under:

| Sr. No. | Name of the person | Detail of query/ statement/ information/clarification sought by the person present at the venue of hearing. | Reply of the query/ statement/ information/clarification given by the project proponent |
|---|---|---|---|
| 1) | Sh. Gurmeet Singh, Village Sasrali Colony, District Ludhiana. | Mining should be done so that poor people may get employment. | No reply/clarification is required |

| | | | |
|---|---|---|---|
| 2) | Sh. Karam Singh, Sarpanch, Village Sasrali Colony, District Ludhiana. | Mining should be done from the centre of the river and sand should be removed from the road with the help of scrapper because this sand may cause accident on the roads. Mining will increase employment opportunity in the village. | Mining will be done from the centre of River bed and sand will be removed continuously with the help of scrappers. |
| 3) | Sh. Malkit Singh, Village Sasrali, District Ludhiana. | Mining will remove poverty from the village and people will get employment. | -As above- |
| 4) | Sh. Natha Singh, Village Sasrali, District Ludhiana. | We have our own resources and land. We our self want to do the mining of sand and we will give the required amount to the Govt. | It was clarified that the cost of this project is Rs. 46.4 Lacs. First of all this project requires Environmental Clearance of MoEF. After obtaining Environmental Clearance the Mining Department shall start the process of auction as per procedure. In this way your machines will be utilized. |
| 5) | Sh. Hardayal Singh, Village Raur, District Ludhiana. | Entire land of Village Raur is in river. Villagers have to do some work to earn livelihood or they may be given employment otherwise people of Vill. Raur will start to take drugs.<br>He requested that the survey of Vill. Raur may be conducted for mining as no vegetables/crops are grown on this type of land and mining may also be done in the land of this village. I also have machine which may be put into use during mining. | Mining Department will look into matter. You can give their names, Khasras no.s of your land to the Mining Department for your consideration.<br>Mining Department clarified that the case of village Raur is also under their consideration. |

Then the Environmental Engineer requested the public, that if anyone else want to ask any more question about the proposed project, but no one came forward. After that people were asked to raise their hands who are in the favour of this project and almost all the persons present in the public hearing raised their hands in the favour of the project. He then asked the people to raise their hands who are not in favour of the project. But no one raised the hands.

The public hearing was attended by 53 persons and copy of attendance register is enclosed. The still photography and videography of the public hearing was also done and copies of the same are enclosed herewith.

The presiding officer thanked the public present in the hearing for giving their valuable times and keep patience in the hearing.

The public hearing ended with vote of thanks to the chair.

**Sd/-**
**(Er. Tejinder Kumar)**
Environmental Engineer,
Punjab Pollution Control Board,
Regional Office-3, Ludhiana.

**Sd/-**
**(Er. G.S. Gill)**
Environmental Engineer,
Punjab Pollution Control Board,
Regional Office-1, Ludhiana.

**Sd/-**
**(Sh. Rohit Gupta PCS)**
Tehsildar (Central),
District Ludhiana.

## ਲੋਕ ਸੁਣਵਾਈ ਦੀ ਕਾਰਵਾਈ

**ਪਿੰਡ ਸਸਰਾਲੀ, ਜਿਲ੍ਹਾਂ ਲੁਧਿਆਣਾ ਦੀ ਮਾਲੀਆ ਜਾਇਦਾਦ ਵਿੱਚ 23.43 ਹੈਕਟੇਅਰ ਏਰੀਏ ਵਿੱਚੋ ਖਣਿਜਾਂ ਦੀ ਖੁਦਾਈ ਕਰਨ ਸਬੰਧੀ ਮਿਤੀ 14.9.2006 ਨੂੰ ਜਾਰੀ ਕੀਤੀ ਗਈ ਈ.ਆਈ. ਏ ਅਧਿਸੂਚਨਾ ਮੁਤਾਬਿਕ, ਵਾਤਾਵਰਣ ਪੱਖੋਂ ਪ੍ਰਵਾਨਗੀ ਪ੍ਰਾਪਤ ਕਰਨ ਲਈ, ਉਦਯੋਗ ਅਤੇ ਕਮਰਸ ਵਿਭਾਗ, ਪੰਜਾਬ ਸਰਕਾਰ ਵਲੋ ਦਾਇਰ ਕੀਤੀ ਗਈ ਬੇਨਤੀ ਪੱਤਰ ਦੇ ਸਬੰਧ ਵਿੱਚ ਵਿੱਚ 23-11-2012 ਦਿਨ ਨੂੰ 03:00 ਵਜੇ ਕੀਤੀ ਗਈ ਲੋਕ ਸੁਣਵਾਈ ਦੀ ਕਾਰਵਾਈ ਰਿਪੋਰਟ।**

ਕਾਰਵਾਈ ਦੀ ਨਿਗਰਾਨੀ ਲਈ ਹੇਠਾਂ ਲਿਖੇ ਅਧਿਕਾਰੀ ਮੌਜੂਦ ਸਨ :-

1) ਸ੍ਰੀ ਰੋਹਿਤ ਗੁਪਤਾ, ਪੀ.ਸੀ.ਐਸ.
ਤਹਿਸੀਲਦਾਰ, (ਕੇਂਦਰੀ),
ਜਿਲ੍ਹਾ ਲੁਧਿਆਣਾ।

2) ਇੰਜ: ਤੇਜਿੰਦਰ ਕੁਮਾਰ,
ਵਾਤਾਵਰਣ ਇੰਜੀਨਿਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫ਼ਤਰ-3, ਲੁਧਿਆਣਾ।

3) ਇੰਜ: ਗੁਰਬਖਸ਼ੀਸ਼ ਸਿੰਘ ਗਿੱਲ,
ਵਾਤਾਵਰਣ ਇੰਜੀਨਿਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫ਼ਤਰ-1, ਲੁਧਿਆਣਾ।

ਵਾਤਾਵਰਣ ਇੰਜੀਨਿਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫ਼ਤਰ-1, ਲੁਧਿਆਣਾ ਨੇ ਨਿਗਰਾਨੀ ਅਤੇ ਪ੍ਰਧਾਨਗੀ ਕਰ ਰਹੇ ਅਫ਼ਸਰਾਂ, ਮਾਈਨਿੰਗ ਮਹਿਕਮੇ ਦੇ ਅਧਿਕਾਰੀ ਅਤੇ ਨੇੜਲੇ ਪਿੰਡਾਂ/ਕਸਬਿਆਂ ਤੋਂ ਆਏ ਲੋਕ, ਜਿਹੜੇ ਖਣਿਜਾਂ ਦੀ ਖੁਦਾਈ, ਜੋ ਕਿ **ਪਿੰਡ ਸਸਰਾਲੀ, ਜਿਲ੍ਹਾਂ ਲੁਧਿਆਣਾ** ਦੀ ਮਾਲੀਆ ਜਾਇਦਾਦ ਵਿੱਚ ਕਰਨ ਦੀ ਤਜਵੀਜ਼ ਹੈ, ਦੀ ਲੋਕ ਸੁਣਵਾਈ ਲਈ ਆਏ ਹਾਜਰ ਲੋਕਾਂ ਨੂੰ ਜੀ ਆਇਆਂ ਆਖਿਆ। ਉਨ੍ਹਾਂ ਨੇ ਦੱਸਿਆ ਕਿ ਜਨਰਲ ਮੈਨੇਜਰ ਕਮ ਜਿਲ੍ਹਾਂ ਮਾਈਨਿੰਗ ਅਫ਼ਸਰ, ਜਿਲ੍ਹਾਂ ਉਦਯੋਗ ਕੇਂਦਰ ਲੁਧਿਆਣਾ ਵੱਲੋਂ ਰਾਜ ਪੱਧਰੀ ਇਨਵਾਇਰਮੈਂਟ ਇਮਪੈਕਟ ਅਸੈਸਮੈਂਟ ਅਥਾਰਟੀ ਨੂੰ ਵਾਤਾਵਰਣ ਪੱਖੋਂ ਕਲੀਅਰੈਂਸ ਲੈਣ ਲਈ ਈ.ਆਈ.ਏ.ਨੋਟਿਫ਼ਿਕੇਸ਼ਨ ਨੰ: 1533 (ਈ) ਮਿਤੀ 14.09.2006 ਅਧੀਨ ਬੇਨਤੀ ਪੱਤਰ ਦਿੱਤਾ ਹੈ। ਉਨ੍ਹਾਂ ਨੇ ਖਣਿਜਾਂ ਦੀ ਖੁਦਾਈ ਸਬੰਧੀ ਉਦਯੋਗ ਅਤੇ ਕਮਰਸ ਵਿਭਾਗ, ਪੰਜਾਬ ਦੀ ਅਰਜੀ ਦੀ ਕਲੀਅਰੈਸ ਤੇ ਫ਼ੈਸਲਾ ਕਰਨ ਤੋਂ ਪਹਿਲਾਂ ਉਥੇ ਹਾਜਰ ਲੋਕਾਂ ਨੂੰ ਜਨਤਕ ਸੁਣਵਾਈ ਦੀ ਜਰੂਰਤ ਬਾਰੇ ਜਾਣੂ ਕਰਵਾਇਆ। ਉਹਨਾਂ ਨੇ ਲੋਕਾਂ ਦੀ ਨਜ਼ਰ ਵਿੱਚ ਇਹ ਵੀ ਲਿਆਂਦਾ ਕਿ ਖਣਿਜਾਂ ਦੀ ਖੁਦਾਈ ਸਬੰਧੀ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਕਾਪੀਆਂ ਅਤੇ ਉਸ ਦੇ ਕਾਰਜਕਾਰੀ ਸਾਰਅੰਸ਼ ਜਮ੍ਹਾਂ ਕਰਵਾਈਆਂ ਸਨ ਅਤੇ ਉਹ ਦਸਤਾਵੇਜਾਂ ਦੀ ਇੱਕ-ਇੱਕ ਕਾਪੀ ਡਿਪਟੀ ਕਮਿਸਨਰ, ਲੁਧਿਆਣਾ, ਜਿਲ੍ਹਾਂ ਪ੍ਰੀਸ਼ਦ, ਲੁਧਿਆਣਾ, ਜਨਰਲ ਮੈਨੇਜਰ, ਜਿਲ੍ਹਾ ਉਦਯੋਗ ਕੇਂਦਰ, ਲੁਧਿਆਣਾ, ਮਿਉਨਸੀਪਲ ਕਾਰਪੋਰੇਸ਼ਨ ਲੁਧਿਆਣਾ ਅਤੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ, ਖੇਤਰੀ ਦਫ਼ਤਰ, ਚੰਡੀਗੜ੍ਹ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤਰੀ ਦਫ਼ਤਰ-3, ਲੁਧਿਆਣਾ ਵਿਖੇ ਰੱਖੀਆਂ ਸਨ ਤਾਂ ਜੋ ਇਲਾਕੇ ਦੇ ਲੋਕ ਭਾਗੀਦਾਰ ਇਸ ਪ੍ਰੋਜੈਕਟ ਸੰਬੰਧੀ ਸੂਚਨਾ ਪ੍ਰਾਪਤ ਕਰ ਸਕੇ ਅਤੇ ਆਪਣੇ ਸੁਝਾਵ/ਕਮੈਂਟਜ਼/ਇਤਰਾਜ਼ ਬੋਰਡ ਨੂੰ ਭੇਜ ਸਕਣ। ਉਹਨਾਂ ਨੇ ਇਹ ਵੀ ਦੱਸਿਆ ਕਿ ਜਨਤਾ ਨੂੰ ਜਨਤਕ ਸੁਣਵਾਈ ਦੀ ਮਿਤੀ, ਸਮੇ ਅਤੇ ਜਗ੍ਹਾਂ ਬਾਰੇ ਜਾਣੂ ਕਰਾਉਣ ਲਈ ਅੰਗਰੇਜੀ ਟ੍ਰਿਬਿਊਨ, ਜੱਗ ਬਾਣੀ ਅਤੇ ਦਾ ਡੇਲੀ ਪੋਸਟ ਅਖਬਾਰਾਂ ਵਿੱਚ ਇਸ਼ਤਿਹਾਰ ਮਿਤੀ 24/10/2012 ਪ੍ਰਕਾਸ਼ਿਤ ਕੀਤਾ ਅਤੇ ਇਸ ਇਸ਼ਤਿਹਾਰ ਵਿੱਚ ਇਹ ਵੀ ਦੱਸਿਆ ਸੀ ਕਿ ਈ.ਆਈ.ਏ. ਰਿਪੋਰਟ ਅਤੇ ਉਸ ਦੀ ਸੰਖੇਪ ਰਿਪੋਰਟ ਕਿਹੜੇ-ਕਿਹੜੇ ਸਥਾਨਾਂ ਤੇ ਉਪਲੱਬਧ ਹੈ ਤਾਂ ਜੋ ਜਨਤਾ ਇਹਨਾਂ ਰਿਪੋਰਟਾਂ ਨੂੰ ਜਨਤਕ ਸੁਣਵਾਈ ਤੋਂ ਪਹਿਲਾਂ ਪੜ੍ਹ ਸਕਣ । ਇਸ ਤੋਂ ਬਾਅਦ ਜਨਰਲ ਮੈਨੇਜਰ, ਜਿਲ੍ਹਾ ਉਦਯੋਗ ਕੇਂਦਰ, ਲੁਧਿਆਣਾ, ਅਤੇ ਮੈਸ: ਗਰਾਸ ਰੂਟ ਰੀਸਰਚ ਕਰੀਏਸਨ ਪ੍ਰਾ: ਇੰਡੀਆ ਲਿਮਟਿਡ,

ਨੋਇਡਾ ਜੋ ਕਿ ਉਦਯੋਗ ਅਤੇ ਕਮਰਸ ਵਿਭਾਗ, ਪੰਜਾਬ, ਦੇ ਵਾਤਾਵਰਣ ਸਲਾਹਕਾਰ ਹਨ ਦੇ ਨੁਮਾਂਇਦੇ ਨੂੰ ਪ੍ਰੋਜੈਕਟ ਬਾਰੇ ਅਤੇ ਈ ਆਈ ਏ ਰਿਪੋਰਟ ਦੀ ਰੂਪ ਰੇਖਾ ਤੇ ਅਧਿਅਨ ਰਿਪੋਰਟ ਬਾਰੇ ਚਾਨਣਾ ਪਾਉਣ ਲਈ ਬੇਨਤੀ ਕੀਤੀ ਗਈ।

ਸ੍ਰੀ ਕੁਲਦੀਪ ਸਿੰਘ, ਵਧੀਕ ਜਨਰਲ ਮੈਨੇਜਰ, ਮੈਸ ਗਰਾਸ ਰੂਟ ਰੀਸਰਚ ਕਰੀਏਸ਼ਨ ਪ੍ਰਾ. ਇੰਡੀਆ ਲਿਮਟਿਡ, ਨੋਇਡਾ ਦੇ ਨੁਮਾਇੰਦੇ, ਨੇ ਜਨਤਾ ਦੇ ਸਾਹਮਣੇ ਪ੍ਰੋਜੈਕਟ ਦਾ ਵੇਰਵਾ ਇਸ ਤਰ੍ਹਾਂ ਪੇਸ਼ ਕੀਤਾ:-

1) ਇਨਫਰਾਸਟਕਚਰ ਦੇ ਵਿਕਾਸ ਵਾਸਤੇ ਇਮਾਰਤੀ ਸਮਾਨ ਜਿਵੇਂ ਕਿ ਰੇਤਾ ਅਤੇ ਬਜਰੀ ਆਦਿ ਜਰੂਰੀ ਹੁੰਦਾ ਹੈ ਜਿਸ ਵਾਸਤੇ ਜਮੀਨੀ ਖੁਦਾਈ ਲੋੜੀਦੀ ਹੁੰਦੀ ਹੈ। ਪੰਜਾਬ ਸਰਕਾਰ ਇਹਨਾਂ ਥਾਵਾਂ ਦੀ ਖਣਿਜਾਂ ਦੀ ਖੁਦਾਈ ਵਾਸਤੇ ਨਿਸਚਿਤ ਕਰਦੀ ਹੈ। ਅਜਿਹੀ ਹੀ ਇੱਕ ਸਾਈਟ ਮੌਜੂਦਾ ਪ੍ਰੋਜੈਕਟ ਅਧੀਨ ਹੈ ਜਿਥੇ ਖਣਿਜਾਂ ਦੀ ਖੁਦਾਈ ਤਜਵੀਜਤ ਹੈ ਜਿਸ ਵਾਸਤੇ ਵਾਤਾਵਰਣ ਮੰਨਜੂਰੀ ਲੈਣੀ ਜਰੂਰੀ ਹੈ।

ਉਨ੍ਹਾਂ ਨੇ ਖਸਰਿਆਂ ਬਾਰੇ ਜਾਣਕਾਰੀ ਦਿੱਤੀ ਜਿਥੇ ਕਿ ਮਾਈਨਿੰਗ ਕੀਤੀ ਜਾਣੀ ਹੈ।

2) **ਪ੍ਰੋਜੈਕਟ ਦਾ ਵੇਰਵਾ**

ੳ) ਖਣਿਜਾਂ ਦੀ ਖੁਦਾਈ ਦੀ ਜਗ੍ਹਾਂ ਪਿੰਡ ਸਸਰਾਲੀ, ਜਿਲ੍ਹਾਂ ਲੁਧਿਆਣਾ ਦੀ ਹੱਦਬਸਤ ਵਿੱਚ ਪੈਦੀ ਹੈ। ਨੈਸ਼ਨਲ ਹਾਈਵੇ-1 ਅਤੇ ਰੇਲਵੇ ਸਟੇਸ਼ਨ ਲੁਧਿਆਣਾ ਨਾਲ ਜੁੜਿਆ ਹੈ।

ਅ) ਖਣਿਜਾਂ ਦੀ ਖੁਦਾਈ ਦਾ ਕੁੱਲ ਏਰੀਆ 23.43 ਹੈਕਟੇਅਰ ਹੈ।

ੲ) ਖਣਿਜਾਂ ਦੀ ਖੁਦਾਈ ਦੀ ਥਾਂ ਰਾਜ ਸਰਕਾਰ ਕੋਲ ਪਟੇ ਤੇ ਹੋਵੇਗੀ ।ਲਗਭਗ 6,32,000 ਮੈਟਰੀਕ ਟਨ ਰੇਤ ਦੀ ਖੁਦਾਈ ਕੀਤੀ ਜਾਵੇਗੀ ਜਿਹੜੀ ਕਿ ਯੂ.ਐ.ਐਫ.ਸੀ. ਕੋਡ 111 ਤਹਿਤ ਹੈ। ਖੁਦਾਈ 1.1 ਘਣਮੀਟਰ ਸਮਰੱਥਾ ਵਾਲੇ ਖੁਦਾਈ ਯੰਤਰ ਨਾਲ ਕੀਤੀ ਜਾਵੇਗੀ । ਕਿਸੇ ਵੀ ਤਰ੍ਹਾਂ ਦੀ ਡਰਿੰਲਿੰਗ ਜਾਂ ਬਲਾਸਟਿੰਗ (ਧਮਾਕਾ) ਨਹੀ ਕੀਤਾ ਜਾਵੇਗਾ, ਖੁਦਾਈ ਬੇਹੱਦ ਸਾਧਾਰਨ ਢੰਗ ਨਾਲ ਕਰਕੇ ਗੱਡੀਆਂ ਵਿੱਚ ਮੈਟੀਰੀਅਲ ਲੱਦਿਆ ਜਾਵੇਗਾ। ਖੁਦਾਈ ਦੀ ਡੂੰਘਾਈ ਕਿਸੇ ਹਾਲਤ ਵਿੱਚ 3 ਮੀਟਰ ਤੋ ਵੱਧ ਨਹੀਂ ਹੋਵੇਗੀ

ਸ) ਬੇਸਲਾਈਨ ਡਾਟਾ ਜਮੀਨ, ਪਾਣੀ, ਹਵਾ ਅਤੇ ਅਵਾਜ ਨੂੰ ਮੁੱਖ ਰੱਖਦੇ ਹੋਏ 10 ਕਿਲੋਮੀਟਰ ਦੇ ਘੇਰੇ ਵਿੱਚੋ ਇਕੱਠਾ ਕੀਤਾ ਹੈ।

ਹ) ਇਸ ਪ੍ਰੋਜੈਕਟ ਦੀ ਕੀਮਤ 46.4 ਲੱਖ ਰੁਪਏ ਦੇ ਕਰੀਬ ਹੈ। ਇਸ ਵਿੱਚੋਂ ਸਾਲਾਨਾ 2.53 ਲੱਖ ਟਨ ਰੇਤ ਕੱਢੀ ਜਾਵੇਗੀ।

ਕ) ਇਹ ਖੱਡ ਕੈਟਾਗਰੀ ਏ ਦੀ ਸੂਚੀ ਵਿੱਚ ਆਉਦੀ ਹੈ, ਇਸ ਕਰਕੇ ਇਸਨੂੰ ਐਨਵਾਯਰਨਮੈਂਟ ਖੁੱਲ MoEF ਤੋ ਂਹੀ ਮਿਲਣੀ ਹੈ।

5) **ਵੱਖ ਵੱਖ ਵਾਤਾਵਰਣ ਮਾਪਦੰਡਾਂ ਦੇ ਪ੍ਰਭਾਵ ਨੂੰ ਘੱਟ ਕਰਨ ਸਬੰਧੀ:-**

**ੳ)** **ਹਵਾ ਪ੍ਰਭਾਵ:-** ਧੂੜ ਦੇ ਕਣ ਹਵਾ ਵਿੱਚ ਉਡਣ ਦਾ ਕਾਰਨ ਸਿਰਫ ਗੱਡੀਆਂ ਦੀ ਆਵਾਜਾਈ ਹੀ ਹੋ ਸਕਦੀ ਹੈ ਜਿਸ ਨੂੰ ਰੋਕਣ ਲਈ ਸੜਕਾਂ ਤੇ ਪਾਣੀ ਦਾ ਛਿੜਕਾਅ ਕੀਤਾ ਜਾਵੇਗਾ ਅਤੇ ਗੱਡੀਆਂ ਦੀ ਓਵਰਲੋਡਿੰਗ ਵਰਜਿਤ ਹੋਵੇਗੀ। ਮਾਈਨਿੰਗ ਦੌਰਾਨ ਸੁੱਕੇ ਪਦਾਰਥਾਂ ਨੂੰ ਲੱਦਣ, ਲਿਜਾਉਣ, ਜਾਂ ਲਾਹੁਣ ਲੱਗਿਆ ਭਾਵੇਂ ਹਵਾ ਦੂਸ਼ਿਤ ਹੋ ਸਕਦੀ ਹੈ। ਵਰਤਮਾਨ ਕੇਸ ਵਿੱਚ ਕੇਵਲ ਗਿੱਲੀ ਰੇਤ ਨਾਲ ਹੀ ਕੰਮ ਕੀਤਾ ਜਾਣਾ ਹੈ ਅਤੇ ਇਸ ਤਰ੍ਹਾਂ ਧੂੜ ਘੱਟ ਦੇ ਉਡਣ ਦੀ ਸਮੱਸਿਆ ਖਤਮ ਹੋ ਜਾਵੇਗੀ। ਬਿਨ੍ਹਾਂ ਧਮਾਕੇ ਦੇ ਪਦਾਰਥਾਂ ਨੂੰ ਹੱਥੀਂ ਚੁੱਕਿਆ, ਇੱਕਠਾ ਕੀਤਾ ਜਾਵੇਗਾ। ਦੂਸਰੇ ਠੋਸ ਪਦਾਰਥਾਂ ਦੀ ਮਾਈਨਿੰਗ ਪ੍ਰਕਿਰਿਆ ਜਿਵੇਂ ਕਿ ਧਮਾਕਾ, ਡ੍ਰਿਲਿੰਗ ਅਤੇ ਮਸ਼ੀਨੀ ਲੋਡਿੰਗ ਦੇ ਮੁਕਾਬਲੇ ਇਸ ਪ੍ਰਕਿਰਿਆ ਵਿੱਚ ਧੂੜ੍ਹ ਦਾ ਪੈਦਾ ਹੋਣਾ ਨਾ ਮਾਤਰ ਹੈ। ਸੜਕ ਉਪਰ ਟਰਾਲੀਆਂ ਕਾਰਨ ਡਿੱਗੀ ਰੇਤ ਨੂੰ ਦੂਰ

ਕਰਨ ਨੂੰ ਕਰਾਹੇ ਦਾ ਇਸਤੇਮਾਲ ਕੀਤਾ ਜਾਵੇਗਾ ਅਤੇ ਇਸ ਉਪਰ ਪਾਣੀ ਦਾ ਛਿੜਕਾਵ ਵੀ ਕੀਤਾ ਜਾਵੇਗਾ ਤਾਂ ਜੋ ਰੇਤ ਵਾਤਾਵਰਣ ਵਿੱਚ ਨਾ ਉਡ ਸਕੇ।

ਅ) **ਪਾਣੀ ਪ੍ਰਭਾਵ:-** ਪਾਣੀ ਦੀ ਧਾਰ ਦੇ ਤਲ ਤੋਂ ਜਾਂ ਉਸਦੇ ਨੇੜਿਉ ਰੇਤ ਦੀ ਮਾਈਨਿੰਗ ਦਾ ਸਿੱਧਾ ਅਸਰ ਪਾਣੀ ਦੀ ਧਾਰ ਵਿਚਲੇ ਨਿਵਾਸੀਆਂ ਦੀਆਂ ਵਿਸ਼ੇਸ਼ਤਾਵਾਂ ਤੇ ਪੈਂਦਾ ਹੈ। ਇਨ੍ਹਾਂ ਵਿਸ਼ੇਸ਼ਤਾਵਾਂ ਵਿੱਚ ਭੂ ਮਿਣਤੀ, ਭੱਲ ਮੁਲਾਂਕਣ, ਪਦਾਰਥਾਂ ਦਾ ਜਮਾਂਵੜਾ ਅਤੇ ਸਥਿਰਤਾ, ਡੂੰਘਾਈ, ਧਾਰ ਦਾ ਵਹਾਅ, ਤਾਪਮਾਨ, ਰਫਤਾਰ, ਤਲਛੱਟ ਯਾਤਾਯਾਤ ਅਤੇ ਮੈਲਾਪਣ ਸ਼ਾਮਿਲ ਹਨ। ਇਨ੍ਹਾਂ ਸਾਰਿਆ ਨਿਵਾਸੀ ਖਾਸੀਅਤਾਂ ਦਾ ਧਾਰ ਦੇ ਜੀਵਾਂ ਉਤੇ ਅਤੇ ਦਰਿਆਈ ਕੰਢੇ ਦੇ ਜੀਵਾਂ ਉਤੇ ਘਾਤਕ ਅਸਰ ਪੈ ਸਕਦਾ ਹੈ।ਦਰਿਆ ਦੇ ਤਲ ਤੇ ਤਲਾਬ ਨਾ ਬਣੇ ਇਸ ਗੱਲ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ।

**ਤੱਲ ਪਦਾਰਥਾਂ ਦੀ ਮਾਈਨਿੰਗ ਦੀਆਂ ਤਿੰਨ ਕਿਰਿਆਵਾਂ ਕਾਰਨ ਜੀਵਾਂ ਉਤੇ ਹਾਨੀਕਾਰਕ ਪ੍ਰਭਾਵ ਹੁੰਦਾ ਹੈ:**

1) ਦਰਿਆਈ ਤਲ ਦੇ ਬਦਲਣ ਕਾਰਨ ਦਰਿਆ ਦੇ ਵਹਾ ਵਿੱਚ ਤਬਦੀਲੀ।
2) ਜਿਆਦਾ ਮਾਤਰਾ ਵਿੱਚ ਥੱਲੇ ਬੈਠੇ ਤਲਛੱਟ।
3) ਦਰਿਆਈ ਕੰਢੇ ਦੀ ਬਨਸਪਤੀ ਅਤੇ ਧਾਰ ਸਥਾਨ ਨਿਵਾਸੀਆਂ ਨੂੰ ਨੁਕਸਾਨ।

ੲ) **ਜ਼ਮੀਨੀ ਪ੍ਰਭਾਵ:-** ਜ਼ਮੀਨ ਉਤੇ ਖੁਦਾਈ ਦਾ ਕੋਈ ਬੁਰਾ ਪ੍ਰਭਾਵ ਨਹੀ ਪੈਂਦਾ । ਖੁਦਾਈ ਵਾਲੀ ਜਗ੍ਹਾਂ ਦਾ ਸਤਾਹ ਨੀਵੀ ਹੋ ਜਾਂਦੀ ਹੈ ਜੋ ਕਿ ਬਰਸਾਤਾਂ ਵਿੱਚ ਫਿਰ ਸਮਤਲ ਹੋ ਜਾਂਦੀ ਹੈ।

ਸ) **ਅਵਾਜ਼ ਪ੍ਰਭਾਵ:-** ਖੁਦਾਈ ਲਈ ਕਿਸੇ ਵੀ ਤਰ੍ਹਾਂ ਦੀ ਕੋਈ ਭਾਰੀ ਮਸ਼ੀਨਰੀ ਨਹੀ ਵਰਤੀ ਜਾਵੇਗੀ, ਥੋੜੀ ਬਹੁਤ ਅਵਾਜ਼ ਗੱਡੀਆਂ ਦੀ ਆਵਾਜਾਈ ਕਾਰਨ ਹੀ ਹੋ ਸਕਦੀ ਹੈ ਜਿਸ ਲਈ ਗੱਡੀਆਂ ਦੀ ਆਵਾਜਾਈ ਦਿਨ ਵੇਲੇ ਤੱਕ ਸੀਮਿਤ ਹੋਵੇਗੀ ਅਤੇ ਗੱਡੀਆਂ ਦੇ ਹਾਰਨ ਘੱਟ ਤੋਂ ਘੱਟ ਵਜਾਏ ਜਾਣਗੇ। ਇਸ ਵਿੱਚ ਇੰਝ ਪਾਇਆ ਗਿਆ ਹੈ ਕਿ ਮਾਈਨਿੰਗ ਗਤੀਵਿਧੀਆਂ ਦਾ ਧਵੰਨੀ ਵਾਤਾਵਰਣ ਤੇ ਕੋਈ ਮੁੱਖ ਅਸਰ ਨਹੀ ਹੋਵੇਗਾ। ਇਕੋ ਇੱਕ ਅਸਰ ਮਾਲ ਵਾਹਕ ਟਰੱਕਾਂ ਕਾਰਨ ਹੋਵੇਗਾ।

**ਇਸ ਨੂੰ ਘਟਾਉਣ ਦੇ ਤਰੀਕੇ**

ਇਸ ਨੂੰ ਘਟਾਉਣ ਲਈ ਹੇਠ ਦਿੱਤੀਆਂ ਗੱਲਾਂ ਤੇ ਜ਼ੋਰ ਦਿੱਤਾ ਜਾਵੇਗਾ:-

1) ਪੇਡੂ ਖੇਤਰ ਵਿੱਚ ਘੱਟ ਤੋਂ ਘੱਟ ਭੋਂਪੂ ਦੀ ਵਰਤੋਂ ।
2) ਆਵਾਜ਼ ਅਤੇ ਕੰਪਨ ਨੂੰ ਘਟਾਉਣ ਲਈ ਸਮੇਂ ਸਿਰ ਵਾਹਨਾ ਦੀ ਸਾਂਭ ਸੰਭਾਲ।
3) ਸਾਈਲੈਂਸਰਾਂ ਦੀ ਸਰਵਿਸ ਉਤੇ ਧਿਆਨ।
4) ਪੁਰਾਣੇ ਅਤੇ ਟੁੱਟੇ ਟਰੱਕਾਂ ਨੂੰ ਹਟਾਣਾ।
5) ਗਰੀਨ ਬੈਲਅ ਲਈ ਸੜਕ ਦੇ ਨਾਲ ਨਾਲ ਜਗ੍ਹਾਂ।
6) ਧਿਆਨ ਰੱਖਿਆ ਜਾਵੇ ਕਿ ਗੱਡੀ ਭਰਨ ਸਮੇਂ ਘੱਟ ਤੋਂ ਘੱਟ ਅਵਾਜ਼ ਪੈਦਾ ਹੋਵੇ।
7) ਸੜਕਾਂ ਦਾ ਜਿਆਦਾਤਰ ਪੱਧਰਾ ਰੱਖਣਾ ਤਾਂ ਕਿ ਗੱਡੀਆਂ ਆਰਾਮ ਨਾਲ ਵਿਗੈਰ ਆਵਾਜ਼ ਕੀਤੇ ਲੰਘਣ।
8) ਰਾਤ ਨੂੰ ਮਾਈਨਿੰਗ ਨਹੀ ਕੀਤੀ ਜਾਵੇਗੀ।
9) ਰਾਤ ਨੂੰ ਚੱਲਣ ਵਾਲੀਆਂ ਮਾਈਨਿੰਗ ਦੀਆਂ ਗੱਡੀਆਂ ਉਪਰ ਡੀ.ਜੇ. ਸਿਸਟਮ ਜਾਂ ਮਿਊਜਿਕ ਸਿਸਟਮ ਨਹੀ ਲੱਗਾ ਹੋਵੇਗਾ।

ਹ) **ਸਮਾਜਿਕ ਪ੍ਰਭਾਵ:-**

- ਨਦੀ ਦਾ ਵਹਾਅ ਕੰਟਰੋਲਡ ਰਹੇਗਾ ਜਿਸ ਨਾਲ ਕਿਨਾਰੇ ਸੁਰੱਖਿਅਤ ਰਹਿਣਗੇ ਜਿਸ ਕਾਰਨ ਨੇੜੇ ਲਗਦੀਆਂ ਜਮੀਨਾਂ ਤੇ ਕੋਈ ਬੁਰਾ ਪ੍ਰਭਾਵ ਨਹੀ ਪਵੇਗਾ।
- ਪ੍ਰੋਜੈਕਟ ਨਾਲ ਸਥਾਨਿਕ ਵਸਨੀਕਾਂ ਵਾਸਤੇ ਰੁਜ਼ਗਾਰ ਦੇ ਸਾਧਨ ਪੈਦਾ ਹੋਣਗੇ ਜਿਸ ਕਾਰਨ ਵਸਨੀਕਾਂ ਦੀ ਮਾਲੀ ਹਾਲਤ ਸੁਧਰੇਗੀ।
- ਪ੍ਰੋਜੈਕਟ ਤੋਂ ਹੋਣ ਵਾਲੇ ਲਾਭ ਦਾ 5 ਪ੍ਰਤੀਸ਼ਤ ਹਿੱਸਾ ਪਿੰਡ ਦੀ ਭਲਾਈ ਵਾਸਤੇ ਵਰਤਿਆ ਜਾਵੇਗਾ ਜਿਵੇਂ ਕਿ ਪਿੰਡ ਨੂੰ ਸਾਂਝੇ ਪਖਾਨੇ ਬਣਾਉਣੇ, ਸੋਲਰ ਲਾਈਟਾਂ ਲਗਾਉਣੀਆਂ, ਸੜਕਾਂ ਅਤੇ ਸਕੂਲਾਂ ਦੀ ਮੁਰੰਮਤ ਕਰਵਾਉਣੀ ਅਤੇ ਪਿੰਡ ਵਿੱਚ ਸਾਂਝੀ ਲਾਈਬਰੇਰੀ ਬਣਾਉਣੀ।

6) **ਵਾਤਾਵਰਣ ਪ੍ਰਬੰਧਨ ਯੋਜਨਾ ਨੂੰ ਲਾਗੂ ਕਰਨ ਲਈ ਬਜਟ**

| **ਲੜੀ ਨੰਬਰ** | **ਵੇਰਵਾ** | **ਰੱਖੀ ਗਈ ਰਕਮ (ਰੁਪਏ ਲੱਖ ਪ੍ਰਤੀ ਸਾਲ)** |
|---|---|---|
| 1) | ਹਵਾ ਗੁਣਵਤਾ ਨਿਰੀਖਣ | 2.0 |
| 2) | ਪਾਣੀ ਗੁਣਵਤਾ ਨਿਰੀਖਣ | 1.0 |
| 3) | ਸ਼ੋਰ ਪ੍ਰਦੂਸਣ ਕੰਟਰੋਲ ਵਸੀਲੇ | 0.5 |
| 4) | ਜ਼ਮੀਨ ਗੁਣਵਤਾ | 0.5 |
| 5) | ਸਥਾਨਿਕ ਵਸਨੀਕਾਂ ਦੀ ਸਮਾਜਿਕ ਅਤੇ ਆਰਥਿਕ ਵਿਵਸਥਾ ਸਬੰਧੀ ਸਰਵੇ | 0.5 |
| 6) | ਵਾਤਾਵਰਣ ਸੈਲ ਦੇ ਮਨੁੱਖੀ ਵਸੀਲੇ | 0.5 |
| 7) | ਬਨਸਪਤੀ ਦਾ (ਲਗਾਣਾ ਅਤੇ ਜਿੰਦਾ ਰੱਖਣਾ) ਅਤੇ ਜੀਵ ਜੰਤੂ ਹਿਸਾਬ ਕਿਤਾਬ | 0.1 |
| | **ਕੁੱਲ** | **5.1** |

ਇਸ ਤੋ ਬਾਅਦ ਵਾਤਾਵਰਣ ਇੰਜੀਨੀਅਰ ਨੇ ਸਰਵਜਨਕ ਸੁਣਵਾਈ ਦੌਰਾਨ ਹਾਜ਼ਰ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਨੋਟੀਫਿਕੇਸਨ ਮਿਤੀ 14-09-2006 ਦੇ ਅਨੁਸਾਰ ਮੌਕੇ ਉਪਰ ਹਾਜ਼ਰ ਲੋਕਾਂ ਨੂੰ ਪ੍ਰੋਜੈਕਟ ਦੇ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰਨੀ ਹੋਵੇ ਜਾਂ ਕੋਈ ਸੰਕਾਂ ਹੋਵੇ ਜਾਂ ਕੋਈ ਸੁਝਾਵ ਦੇਣਾ ਹੋਵੇ ਤਾਂ ਉਹ ਪ੍ਰਯੋਜਨਾ ਦੇ ਪ੍ਰੋਮੋਟਰ / ਵਾਤਾਵਰਣ ਸਲਾਹਕਾਰ ਕੋਲੋ ਪੁੱਛ ਸਕਦਾ ਹੈ। ਉਹਨਾਂ ਨੇ ਆਮ ਜਨਤਾ ਦੇ ਧਿਆਨ ਵਿੱਚ ਲਿਆਂਦਾ ਕਿ ਉਹਨਾਂ ਵਲੋਂ ਮੰਗੀ ਕਿਸੇ ਵੀ ਜਾਣਕਾਰੀ ਜਾਂ ਸੰਕਾ ਅਤੇ ਪ੍ਰੋਜੈਕਟ ਪ੍ਰਮੋਟਰ/ਸਲਾਹਕਾਰ ਵਲੋਂ ਦਿੱਤੇ ਗਏ ਜਵਾਬ ਇਸ ਜਨਤਕ ਸੁਣਵਾਈ ਵਿੱਚ ਰਿਕਾਰਡ ਕੀਤੇ ਜਾਣਗੇ ਜਿਹਨਾਂ ਨੂੰ ਕਿ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲੇ ਨੂੰ ਮੁਲੰਕਣ ਲਈ ਭੇਜਿਆ ਜਾਵੇਗਾ । ਵਾਤਾਵਰਣ ਇੰਜੀਨੀਅਰ ਵਲੋਂ ਹਾਜ਼ਰ ਲੋਕਾਂ ਨੂੰ ਇੱਕ-ਇੱਕ ਕਰਕੇ ਪ੍ਰੋਜੈਕਟ ਸਬੰਧੀ ਕੋਈ ਵੀ ਜਾਣਕਾਰੀ ਹਾਸਿਲ ਕਰਨ/ਸੰਕਾ ਨੂੰ ਦੂਰ ਕਰਨ ਲਈ ਕਿਹਾ ਗਿਆ।

ਇਸ ਤੋਂ ਬਾਅਦ ਸਰਵਜਨ ਸੁਣਵਾਈ ਦੌਰਾਨ ਜੋ ਤਜਵੀਜਾਂ/ਇਤਰਾਜ਼/ਸੁਝਾਵ ਉਠਾਏ ਗਏ ਸਨ ਅਤੇ ਪ੍ਰੋਜੈਕਟ ਪ੍ਰੋਮੋਟਰ/ਸਲਾਹਕਾਰ ਵੱਲੋਂ ਜੋ ਜਵਾਬ ਦਿੱਤੇ ਗਏ ਸਨ, ਹੇਠ ਲਿਖੇ ਅਨੁਸਾਰ ਹਨ:-

| **ਲੜੀ ਨੰਬਰ** | **ਵਿਅਕਤੀ ਦਾ ਨਾਮ** | **ਵਿਅਕਤੀ ਵਲੋ ਉਠਾਏ ਗਏ ਸਵਾਲ/ਵਿਚਾਰ/ਬਿਆਨ** | **ਕੰਪਨੀ/ਪੈਨਲ ਮੈਬਰਾਂ ਵਲੋ ਦਿੱਤੇ ਗਏ ਉਤਰ/ ਸਪਸਟੀਕਰਨ** |
|---|---|---|---|
| 1) | ਸ੍ਰੀ ਗੁਰਮੁੱਖ ਸਿੰਘ, ਪਿੰਡ ਸਸਰਾਲੀ ਕਾਲੋਨੀ, ਜਿਲ੍ਹਾਂ ਲੁਧਿਆਣਾ। | ਮਾਈਨਿੰਗ ਹੋਣੀ ਚਾਹੀਦੀ ਹੈ ਤਾਂ ਜੋ ਗਰੀਬ ਆਦਮੀ ਨੂੰ ਵੀ ਰੁਜ਼ਗਾਰ ਮਿਲ ਸਕੇ। | ਪ੍ਰੋਜੈਕਟ ਸਬੰਧੀ ਕੋਈ ਜਵਾਬ ਜਾਂ ਸਪੱਸਟੀਕਰਨ ਦੀ ਲੋੜ ਨਹੀ। |
| 2) | ਸ੍ਰੀ ਕਰਮ ਸਿੰਘ ਸਰਪੰਚ, ਪਿੰਡ ਸਸਰਾਲੀ ਕਾਲੋਨੀ, ਜਿਲ੍ਹਾਂ ਲੁਧਿਆਣਾ। | ਮਾਈਨਿੰਗ ਦਰਿਆ ਦੇ ਅੱਧ ਵਿਚਕਾਰੋ ਹੋਣੀ ਚਾਹੀਦੀ ਹੈ ਅਤੇ ਕਰਾਹੇ ਦੇ ਨਾਲ ਰੇਤ ਸੜਕਾਂ ਤੋਂ ਦੂਰ ਹੋਣ ਚਾਹੀਦੀ ਹੈ ਕਿਉਕਿ ਇਸ ਰੇਤ ਕਾਰਨ ਸੜਕ ਉਪਰ ਦੁਰਘਟਨਾਂ ਹੁੰਦੀਆਂ ਹਨ। ਮਾਈਨਿੰਗ ਦੇ ਨਾਲ ਪਿੰਡ ਵਿੱਚ ਰੁਜ਼ਗਾਰ ਵਧੇਗਾ। | ਮਾਈਨਿੰਗ ਦਰਿਆ ਬੈਡ ਦੇ ਵਿਚਕਾਰ ਤੋਂ ਕੀਤੀ ਜਾਵੇਗੀ ਸੜਕ ਤੋਂ ਰੇਤਾ ਲਗਾਤਾਰ ਸਕਰੈਪਰ ਨਾਲ ਸਾਫ਼ ਕੀਤਾ ਜਾਵੇਗਾ। |

| | | | |
|---|---|---|---|
| 3) | ਸ੍ਰੀ ਮਲਕੀਤ ਸਿੰਘ, ਪਿੰਡ ਸਸਰਾਲੀ, ਜਿਲ੍ਹਾਂ ਲੁਧਿਆਣਾ। | ਮਾਈਨਿੰਗ ਦੇ ਨਾਲ ਪਿੰਡ ਵਿੱਚੋ ਗਰੀਬੀ ਦੂਰ ਹੋਵੇਗੀ ਅਤੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ। | ਪੋਜੈਕਟ ਸਬੰਧੀ ਕੋਈ ਜਵਾਬ ਜਾਂ ਸਪੱਸਟੀਕਰਨ ਦੀ ਲੋੜ ਨਹੀ। |
| 4) | ਸ੍ਰੀ ਨੱਥਾ ਸਿੰਘ, ਪਿੰਡ ਸਸਰਾਲੀ, ਜਿਲ੍ਹਾਂ ਲੁਧਿਆਣਾ। | ਸਾਡੇ ਕੋਲ ਸਾਧਨ/ਮਸ਼ੀਨਾਂ ਹਨ ਆਪਣੀ ਜ਼ਮੀਨ ਹੈ ਅਸੀ ਉਥੇ ਰੇਤ ਆਪ ਚੁੱਕਣਾ ਚਾਹੁੰਦੇ ਹਾਂ ਅਤੇ ਜੋ ਮੁਆਵਜ਼ਾ ਸਰਕਾਰ ਨੂੰ ਦੇਣਾ ਪਵੇਗਾ ਅਸੀ ਦੇਵਾਗੇ। | ਇਸ ਪ੍ਰੋਜੈਕਟ ਦੀ ਕੀਮਤ 46.4 ਲੱਖ ਰੁਪਏ ਹੈ। ਸਭ ਤੋ ਪਹਿਲਾਂ ਇਸ ਪ੍ਰੋਜੈਕਟ ਵਾਸਤੇ ਇੰਨਵਾਇਅਰਮੈਂਟ ਕਲੀਅਰੈਂਸ ਲੈਣੀ ਹੈ, ਜਦੋ ਇੰਨਵਾਇਅਰਮੈਂਟ ਕਲੀਅਰੈਂਸ ਮਿਲ ਗਈ ਤਾਂ ਉਦੋ ਮਾਈਨਿੰਗ ਡਿਪਾਰਟਮੈਂਟ ਇਸ ਦੀ ਨਿਯਮਾਂ ਅਨੁਸਾਰ ਬੋਲੀ ਕਰਵਾਏਗਾ ਅਤੇ ਇਸ ਤੋ ਬਾਅਦ ਕੰਮ ਚੱਲਣ ਦੇ ਨਾਲ ਤੁਹਾਡੀ ਸਾਰੀਆਂ ਮਸ਼ੀਨਾਂ ਵਰਤੋ ਵਿੱਚ ਆ ਜਾਣਗੀਆਂ। |
| 5) | ਸ੍ਰੀ ਹਰਦਿਆਲ ਸਿੰਘ, ਪਿੰਡ ਰੋੜ, ਜਿਲ੍ਹਾਂ ਲੁਧਿਆਣਾ। | ਪਿੰਡ ਰੋੜ ਦੇ ਵਾਸੀਆਂ ਦੀ ਸਾਰੀ ਜਮੀਨ ਦਰਿਆ ਵਿੱਚ ਹੈ, ਉਨ੍ਹਾਂ ਨੇ ਰੋਜ਼ੀ ਰੋਟੀ ਕਮਾਉਣ ਲਈ ਕੋਈ ਤਾਂ ਕੰਮ ਕਰਨਾ ਹੈ ਨਹੀ ਤਾਂ ਉਨ੍ਹਾਂ ਨੂੰ ਨੌਕਰੀਆਂ ਦਿੱਤੀਆਂ ਜਾਣ, ਨਹੀ ਤਾਂ ਇਥੇ ਦੇ ਲੋਕ ਨਸ਼ੇ ਕਰਨਗੇ।<br>ਪਿੰਡ ਰੋੜ ਦਾ ਵੀ ਸਰਵੇ ਹੋਣਾ ਚਾਹੀਦਾ ਹੈ ਉਸ ਪਿੰਡ ਵਿੱਚ ਕੋਈ ਪੈਦਾਵਾਰ ਨਹੀ ਹੋ ਸਕਦੀ ਅਤੇ ਉਸ ਪਿੰਡ ਵਿੱਚ ਵੀ ਮਾਈਨਿੰਗ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਮਸ਼ੀਨ ਮੇਰੇ ਕੋਲ ਵੀ ਹੈ ਅਤੇ ਲੋੜ ਪੈਣ ਤੇ ਮਾਈਨਿੰਗ ਵਿੱਚ ਕੰਮ ਆ ਸਕਦੀ ਹੈ। | ਜਿਨ੍ਹਾਂ ਖੇਤਰਾਂ ਵਿੱਚੋ ਮਾਈਨਿੰਗ ਕੀਤੀ ਜਾਣੀ ਹੈ ਉਸਦਾ ਫੈਸਲਾ ਕਰਨਾ ਮਾਈਨਿੰਗ ਡਿਪਾਰਟਮੈਂਟ ਕੰਮ ਹੈ।<br>ਤੁਸੀ ਆਪਣਾ ਨਾਮ ਅਤੇ ਜਗ੍ਹਾਂ ਦਾ ਨਾਮ ਅਤੇ ਉਸਦਾ ਖਸਰਾ ਨੰਬਰ ਮਾਈਨਿੰਗ ਡਿਪਾਰਟਮੈਂਟ ਨੂੰ ਦਿਓ ਤਾਂ ਜੋ ਉਥੇ ਵੀ ਮਾਈਨਿੰਗ ਬਾਰੇ ਸੋਚਿਆ ਜਾਵੇ। ਪਿੰਡ ਰੋੜ ਦਾ ਕੇਸ ਮਾਈਨਿੰਗ ਮਹਿਕਮੇ ਦੇ ਪਹਿਲਾਂ ਹੀ ਧਿਆਨ ਵਿੱਚ ਹੈ। |

ਇਸ ਉਪਰੰਤ ਵਾਤਾਵਰਣ ਇੰਜੀਨੀਅਰ ਨੇ ਜਨਤਕ ਸੁਣਵਾਈ ਵਿੱਚ ਹਾਜ਼ਰ ਲੋਕਾਂ ਕੋਲੋ ਪੁੱਛਿਆ ਕਿ ਉਪਰੋਕਤ ਤੋ ਇਲਾਵਾ ਹੋਰ ਕਿਸੇ ਵਲੋ ਖਣਿਜਾਂ ਦੀ ਖੁਦਾਈ ਸੰਬੰਧੀ ਇਤਰਾਜ਼/ਸੁਝਾਵ ਦਿੱਤੇ ਜਾਣ ਪ੍ਰੰਤੂ ਕਿਸੇ ਵਲੋ ਕੋਈ ਵੀ ਇਤਰਾਜ਼ ਜਾਂ ਸੁਝਾਵ ਨਹੀ ਦਿੱਤਾ ਗਿਆ। ਇਸ ਤੋ ਬਾਅਦ ਲੋਕਾਂ ਨੂੰ ਜੋ ਇਸ ਪ੍ਰੋਜੈਕਟ ਦੇ ਹੱਕ ਵਿੱਚ ਹਨ ਹੱਥ ਖੜ੍ਹੇ ਕਰਨ ਵਾਸਤੇ ਕਿਹਾ, ਤਾਂ ਲਗਭਗ ਸਾਰਿਆਂ ਨੇ ਆਪਣੇ ਹੱਥ ਖੜ੍ਹੇ ਕਰ ਲਏ। ਫਿਰ ਲੋਕਾਂ ਨੂੰ ਜੋ ਇਸ ਪ੍ਰੋਜੈਕਟ ਦੇ ਵਿਰੋਧ ਵਿੱਚ ਹਨ, ਨੂੰ ਹੱਥ ਖੜ੍ਹੇ ਕਰਨ ਵਾਸਤੇ ਕਿਹਾ ਤਾਂ ਕਿਸੇ ਨੇ ਵੀ ਹੱਥ ਖੜ੍ਹਾ ਨਹੀ ਕੀਤਾ। ਜਨਤਕ ਸੁਣਵਾਈ ਵਿੱਚ 53 ਆਦਮੀ ਹਾਜ਼ਰ ਹੋਏ (ਹਾਜ਼ਰੀ ਦੀ ਕਾਪੀ ਨਾਲ ਨੱਥੀ ਹੈ)।

ਪ੍ਰਜ਼ਾਈਡਿੰਗ ਅਫ਼ਸਰ ਨੇ ਸੁਣਵਾਈ ਵਿੱਚ ਆਏ ਹੋਏ ਲੋਕਾਂ ਨੂੰ ਸਾਂਤੀ ਕਾਇਮ ਰੱਖਣ ਅਤੇ ਆਪਣਾ ਵੱਡਮੁੱਲਾ ਸਮਾਂ ਦੇਣ ਵਾਸਤੇ ਧੰਨਵਾਦ ਕੀਤਾ ਅਤੇ ਲੋਕ ਸੁਣਵਾਈ ਖਤਮ ਹੋਈ।

**ਸਹੀ/-**
**(ਇੰਜ: ਤੇਜਿੰਦਰ ਕੁਮਾਰ)**
ਵਾਤਾਵਰਣ ਇੰਜੀਨਿਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫ਼ਤਰ-3, ਲੁਧਿਆਣਾ।

**ਸਹੀ/-**
**(ਇੰਜ: ਗੁਰਬਖਸ਼ੀਸ਼ ਸਿੰਘ ਗਿੱਲ)**
ਵਾਤਾਵਰਣ ਇੰਜੀਨਿਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫ਼ਤਰ-1, ਲੁਧਿਆਣਾ।

**ਸਹੀ/-**
**ਸ੍ਰੀ ਰੋਹਿਤ ਗੁਪਤਾ, ਪੀ.ਸੀ.ਐਸ**
ਤਹਿਸੀਲਦਾਰ (ਕੇਂਦਰੀ)
ਜਿਲ੍ਹਾ ਲੁਧਿਆਣਾ।